Roll No. ..................

**01/B**

Total No. of Questions : 11]

[Total No. of Printed Pages : 3

**X**

**2037**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI**

**Paper–A**

**(Morning Session)**

Time allowed : Three hours

Maximum marks : 50

**ਨੋਟ** : *(i)* *ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ ਕੋਡ/ਪੇਪਰ ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ ਕੋਡ/ਪੇਪਰ ਕੋਡ* **01/B** *ਜ਼ਰੂਰ ਦਰਜ ਕਰੋ ਜੀ ।*

*(ii)* *ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii)* *ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv)* *ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।*

*(v)* ***ਸਾਰੇ ਪ੍ਰਸ਼ਨ ਜ਼ਰੂਰੀ ਹਨ ।***

*(vi)* *ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।*

*(vii)* *ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਅਧਾਰਿਤ ਹੋਣੇ ਚਾਹੀਦੇ ਹਨ ।*

**1. ਵਸਤੂਨਿਸ਼ਠ ਪ੍ਰਸ਼ਨ :**

(ੳ) ਕਿਸ ਦਾ ਨਾਂ ਧਿਆਉਣ ਨਾਲ਼ ਮਹਾਂ-ਸੁਖ ਪ੍ਰਾਪਤ ਹੁੰਦਾ ਹੈ ?

(ਅ) ਖੀਵੇ ਖਾਨ ਦੀ ਧੀ ਦਾ ਨਾਂ ਕੀ ਸੀ ?

(ੲ) ਪ੍ਰਿੰ: ਤੇਜਾ ਸਿੰਘ ਦਾ ਲਿਖਿਆ ਕਿਹੜਾ ਲੇਖ ਸਾਹਿਤ-ਮਾਲਾ : 10 ਵਿੱਚ ਸ਼ਾਮਲ ਹੈ ?

(ਸ) ਸਿੱਖਾਂ ਦੀ ਅਰਦਾਸ ਵਿੱਚ ਕਿਸ ਚੀਜ਼ ਦੀ ਮੰਗ ਹੁੰਦੀ ਹੈ ?

(ਹ) ਬਲਵੰਤ ਰਾਏ ਦੀ ਪਤਨੀ ਦਾ ਨਾਂ ਕੀ ਸੀ ?

(ਕ) 'ਧਰਤੀ ਹੇਠਲਾ ਬਲ਼ਦ' ਕਹਾਣੀ ਦੇ ਕਿਹੜੇ ਪਾਤਰ ਦੀ ਜੀਭ ਵਿੱਚ ਬਹੁਤਾ ਰਸ ਸੀ ?

(ਖ) ਹਰਦੇਵ ਬਾਜਵੇ ਦੇ ਛੋਟੇ ਭਰਾ ਦਾ ਨਾਂ ਕੀ ਹੈ ?

(ਗ) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਨੇ ਲਿਖਿਆ ?

(ਘ) ਬੰਤੇ ਨੂੰ ਕਿਸ ਦਾ ਚੁੱਪ-ਚੁੱਪ ਰਹਿਣਾ ਚੰਗਾ ਨਹੀਂ ਲੱਗਦਾ ?

(ਙ) ਬੰਤੇ ਦੀ ਪਤਨੀ ਦਾ ਨਾਂ ਕੀ ਹੈ ? 10×½=5

**2.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥
ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ ॥

(ਅ) ਫ਼ਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਈਂ ਦੇ ਦਰਬਾਰਿ ॥

(ੲ) ਖ਼ੇ ਖ਼ਬਰ ਹੋਈ ਰਾਣੀ ਇੱਛਰਾਂ ਨੂੰ, ਜਿਸ ਜਾਇਆ ਪੂਰਨ ਪੁੱਤ ਸਾਈ ।
ਚੂੜਾ ਭੰਨ ਤੇ ਤੋੜ ਹਮੇਲ ਬੀੜੇ, ਵਾਲ ਪੁਟ ਰਾਣੀ ਸਿਰ ਖ਼ਾਕ ਪਾਈ ।
ਮੰਦਾ ਘਾਓ ਪਿਆਰਿਆਂ ਪੁੱਤਰਾਂ ਦਾ, ਰਾਣੀ ਭਜ ਕੇ ਰਾਜੇ ਦੇ ਪਾਸ ਆਈ ।
ਕਾਦਰਯਾਰ ਖੜੋਇ ਮੁਕਾਰ ਕਰਦੀ, ਇਹਦੇ ਨਾਲ਼ ਕੀ ਰਾਜਿਆ ਵੈਰ ਸਾਈ ।

(ਸ) ਲੱਖ ਨਗਾਰੇ ਵੱਜਣ ਆਹਮੋ ਸਾਹਮਣੇ ॥
ਰਾਕਸ਼ ਰਣੋ ਨਾ ਭੱਜਣ ਰੋਹੇ ਰੋਹਲੇ ॥
ਸੀਹਾਂ ਵਾਂਗੂ ਗੱਜਣ ਸਭੇ ਸੂਰਮੇ ॥
ਤਣਿ ਤਣਿ ਕੈਬਰ ਛੱਡਣ ਦੁਰਗਾ ਸਾਹਮਣੇ ॥ 4+4=8

**3.** ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) ਅਕਿਰਤਘਣ (ਭਾਈ ਗੁਰਦਾਸ)

(ਅ) ਸਿੰਘਾਂ ਦੀ ਚੜ੍ਹਤ (ਸ਼ਾਹ ਮੁਹੰਮਦ) । 3

**4.** ਹੇਠ ਲਿਖੇ ਲੇਖਾਂ ਵਿੱਚੋਂ ਕਿਸੇ **ਇੱਕ** ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਬੋਲੀ (ਸ. ਗੁਰਬਖ਼ਸ਼ ਸਿੰਘ)

(ਅ) ਤੁਰਨ ਦਾ ਹੁਨਰ (ਡਾ: ਨਰਿੰਦਰ ਸਿੰਘ ਕਪੂਰ) । 5

**5.** ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ :

(ੳ) ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖਸੀ ਰਹਿਣੀ ਦਾ ਕੇਂਦਰ ਹੁੰਦਾ ਹੈ । ਵਿਚਾਰ ਕਰੋ ।

(ਅ) ਕੈਦੀ ਨੇ ਆਪਣੀ ਰਿਹਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਕਿਹਾ ?

(ੲ) ਕਿਹੜੀ ਜਥੇਬੰਦੀ 'ਨਾਮਧਾਰੀ' ਜਾਂ ਕੂਕਿਆਂ ਦੀ ਜਮਾਤ ਅਖਵਾਈ ਅਤੇ ਇਸ ਦਾ ਪਸਾਰ ਕਿਵੇਂ ਹੋਇਆ ?

(ਸ) ਛਾਪੇ ਪਿੰਡ ਵਾਲ਼ਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ ? 2+2=4

**6.** ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਮੜ੍ਹੀਆਂ ਤੋਂ ਦੂਰ (ਰਘੁਬੀਰ ਢੰਡ)

(ਅ) ਧਰਤੀ ਹੇਠਲਾ ਬਲ਼ਦ (ਕੁਲਵੰਤ ਸਿੰਘ ਵਿਰਕ) । 5

**7.** ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਸੰਖੇਪ ਵਿੱਚ ਲਿਖੋ :

(ੳ) ਲੇਖਕ 'ਕੁਲਫ਼ੀ' ਕਹਾਣੀ ਵਿੱਚ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ?

(ਅ) ਕਰਤਾਰ ਸਿੰਘ ਦੇ ਛੋਟੀ ਉਮਰੇ ਦੁਨੀਆਂ ਤੋਂ ਤੁਰ ਜਾਣ ਦੇ ਕੀ ਕਾਰਨ ਸਨ ?

(ੲ) ਨਰਾਜ਼ ਹੋਏ ਬੰਮ ਬਹਾਦਰ ਨੂੰ ਮਹਾਰਾਣੀ ਨੇ ਕਿਵੇਂ ਆਪਣੇ ਵੱਸ ਵਿੱਚ ਕੀਤਾ ?

(ਸ) ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਪਾਉਣ ਲਈ ਕੀ ਸ਼ੌਕ ਪਾਲ਼ਦਾ ਹੈ ? 2+2=4

**8.** ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ **ਇੱਕ** ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ :

(ੳ) ਔਰੰਗਜ਼ੇਬ (ਇਕਾਂਗੀ : ਜ਼ਫ਼ਰਨਾਮਾ)

(ਅ) ਪੁੱਤਰ (ਇਕਾਂਗੀ : ਨਾਇਕ) । 5

**9.** ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ **ਇੱਕ** ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਆਹੋ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ ? ਜੇ ਤੁਹਾਡੇ ਟਾਂਗੇ ਦੇ ਬੰਬ ਟੁੱਟੇ ਹਨ, ਤਾਂ ਮੈਂ ਬਣਾ ਦੇਵਾਂਗਾ । ਹਜ਼ੂਰ ਛੇਤੀ ਤਿਆਰ ਕਰ ਦੇਵਾਂਗਾ ।"

**ਪ੍ਰਸ਼ਨ :** (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ?

(ਅ) ਇਹ ਇਕਾਂਗੀ ਕਿਸ ਦੀ ਰਚਨਾ ਹੈ ?

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?

ਜਾਂ

"ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓਂ । ਪਰ, ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲ਼ੀ ਐਡੀ ਸੌਖੀ । ਤੁਸੀਂ ਕਰੋ ਸਈ ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ 'ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ ।"

**ਪ੍ਰਸ਼ਨ :** (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ?

(ਅ) ਇਸ ਇਕਾਂਗੀ ਦਾ ਲੇਖਕ ਕੌਣ ਹੈ ?

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? 1+1+1=3

**10.** ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ **ਇੱਕ** ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਤਾਰੋ

(ਅ) ਮਹੇਸ਼ੀ ਦੀ ਮਾਂ

(ੲ) ਪਰਵੇਜ਼ । 5

**11.** ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) "ਆਪਾਂ ਵੀ ਆਪਣੀਆਂ ਦੋਹਾਂ ਕਾਕੀਆਂ ਨੂੰ ਓਨਾ ਹੀ ਪੜ੍ਹਾਉਣੈ ਜਿੰਨਾ ਕਿ ਫੁੰਮਣ ਨੂੰ ।"

(ਅ) "ਇਹਨਾਂ ਨੂੰ ਸੈਲ ਕਰਾ ਦੇ, ਇਹ ਕੋਈ ਮਤਰੇਈਆਂ ਤਾਂ ਨਹੀਂ ।" 1+2=3